# ਆਤਮਿਕ ਟੁਕੜੇ ਖਾਣ-ਲਾਇਕ ਹਿੱਸਿਆਂ ਵਿੱਚ

First Printing 2008

Second Printing 2014

ISBN 978-1-934530-01-6

GOD IS YOUR LIFE PUBLICATIONS
MARK SLAY MINISTRIES
P.O.BOX. 31012
ST.LOUIS, MO 63131

Copyright © 2006 Mark Slay
All Right Reserved
Printed in USA

# ਭੂਮਿਕਾ

ਇਹ ਪੁਸਤਕ ਉਹਨਾਂ ਸੱਚਾਈਆਂ ਦਾ ਸੰਕਲਨ ਹੈ ਜਿਨਾਂ ਨੂੰ ਮੈਂ ਕਈ ਸਾਲਾਂ ਵਿੱਚ ਪਵਿੱਤਰ ਆਤਮਾ ਦੇ ਰਾਹੀਂ ਪਾਇਆ। ਇਹ ਸੱਚਾਈਆਂ ਆਪਣੇ ਆਪ ਵਿੱਚ ਨਵੀਆਂ ਨਹੀਂ ਹਨ, ਪਰ ਉਦੋਂ ਤੋਂ ਹੀ ਆਲੇ ਦੁਆਲੇ ਹਨ ਜਦੋਂ ਤੋਂ ਸੱਚ ਦੇ ਆਤਮਾ ਨੇ ਆਪ ਹੀ ਇਨਾਂ ਨੂੰ ਪੱਕਾ ਕੀਤਾ। ਫੇਰ ਵੀ, ਮੈ ਇਹ ਪਾਇਆ ਕਿ ਪਵਿੱਤਰ ਆਤਮਾ ਨੇ ਇਹ ਗੱਲਾਂ ਇੰਝ ਪ੍ਰਗਟ ਕੀਤੀਆਂ ਹਨ ਕੀ ਉਸ ਤੋਂ ਨਾ ਸਿਰਫ਼ ਮੈਨੂੰ ਬਹੁਤ ਗੱਲਾਂ ਸਪਸ਼ਟ ਹੋਇਆਂ ਹਨ ਪਰ ਇਸ ਪੁਸਤਕ ਨੂੰ ਪੜ੍ਹਨ ਵਾਲਿਆਂ ਨੇ ਵੀ ਕਿਹਾ ਹੈ ਕੀ “ਜਦੋਂ ਤੁਸੀਂ ਇਹਨਾਂ ਗੱਲਾਂ ਨੂੰ ਇਸ ਤਰੀਕੇ ਨਾਲ ਕਿਹਾ ਤਦ ਇਹ ਗੱਲਾਂ ਸਾਡੇ ਲਈ ਵੀ ਬਹੁਤ ਸਪਸ਼ਟ ਹੋ ਗਈਆ ਹਨ”।

ਇਸ ਕਿਤਾਬ ਦਾ ਇਹ ਹੀ ਮਕਸਦ ਹੈ, ਕਿ ਤੁਹਾਡੇ ਨਾਲ ਉਹਨਾਂ ਸੱਚਾਈਆਂ ਨੂੰ ਵੰਡਣਾ ਜੋ ਮੇਰੇ ਲਈ ਬਹੁਤ ਸਹਾਇਕ ਸਿੱਧ ਹੋਈਆਂ ਹਨ। ਹੋ ਸਕਦਾ ਹੈ ਕਿ ਇਹ ਸੱਚਾਈ ਨਵੀਂ ਨਾ ਹੋਵੇ, ਤੇ ਕੁੱਝ ਤਾਂ ਸਿਰਫ਼ ਆਇਤਾਂ ਨੂੰ ਹੀ ਦੁਹਰਾਇਆ ਗਿਆ ਹੈ, ਪਰ ਸ਼ਾਇਦ ਜਿਸ ਤਰੀਕੇ ਨਾਲ ਲਿਖਿਆ ਗਿਆ ਹੈ ਇਹ ਅਜਿਹੇ ਤਰੀਕੇ ਨਾਲ ਹੋ ਸਕਦਾ

ਹੈ ਕਿ ਤੁਸੀਂ ਉਹਨਾਂ ਨੂੰ ਹੋਰ ਵੱਧ ਸਪਸ਼ਟਤਾ ਦੇ ਨਾਲ ਵੇਖ ਸਕੋ।

ਬਥੇਰੇ ਵਿਚਾਰ ਮੈਨੂੰ ਨਿੱਜੀ ਤੌਰ ਤੇ ਆਪ ਆਤਮਾ ਦੇ ਵੱਲੋਂ ਦਿੱਤੇ ਗਏ ਹਨ, ਪਰ ਕੁੱਝ ਦੂਜਿਆਂ ਦੇ ਜੀਵਨ ਵਿੱਚ ਪਵਿੱਤਰ ਆਤਮਾ ਦੇ ਰਾਹੀਂ ਕੀਤੇ ਗਏ ਕੰਮ ਹਨ, ਪਰ ਇਹ ਇੰਨੇ ਵਧੀਆ ਹਨ ਕਿ ਮੈਂ ਸੋਚਿਆ ਕਿ ਇਹਨਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਸਾਡੀ ਸਾਰਿਆਂ ਦੀ ਮਦਦ ਕਰਨ।

ਅਖ਼ੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ, ਹੋ ਸਕਦਾ ਹੈ ਕਿ ਕੁੱਝ ਸੱਚਾਈਆਂ ਉਸੇ ਵੇਲੇ ਹੀ ਤੁਹਾਡੇ ਉੱਤੇ ਪ੍ਰਕਾਸ਼ਮਾਨ ਹੋ ਜਾਣ, ਤੇ ਕੁੱਝ ਸੱਚਾਈਆਂ ਨੂੰ ਵੇਖਣ ਲਈ ਤੁਹਾਡੀ ਆਤਮਾ ਨੂੰ ਸਮਾਂ ਲੱਗੇ। ਸਾਡੇ ਵਿੱਚੋਂ ਕੋਈ ਵੀ ਅਜਿਹਾ ਮਨੁੱਖ ਨਹੀਂ ਹੈ ਜੋ ਨਵਾਂ ਜਨਮ ਲੈਣ ਤੋਂ ਬਾਦ ਪੂਰਾ ਸਿੱਧ ਹੋ ਗਿਆ ਹੈ। ਅਸੀਂ ਸਾਰੇ ਪਰਮੇਸ਼ਰ ਦੇ ਰਾਜ ਦੀਆਂ ਸੱਚਾਈਆਂ ਨੂੰ ਵੇਖਣ ਅਤੇ ਸਮਝਣ ਲਈ ਹੌਲੀ ਹੌਲੀ ਵੱਧਦੇ ਹਾਂ। ਅਸੀਂ ਪਰਮੇਸ਼ਰ ਦੀਆਂ ਗਲਾਂ ਨੂੰ ਸਿਰਫ਼ ਆਪਣੀ ਬੁੱਧੀ ਨਾਲ ਨਹੀਂ ਪਰ ਆਪਣੀ ਆਤਮਾ ਵਿੱਚ ਵੀ ਵੇਖਦੇ ਹਾਂ, ਤੇ ਹੋ ਸਕਦਾ ਹੈ ਕਿ ਉਸ ਵਿੱਚ ਸਮਾਂ ਲੱਗੇ। ਉਹਨਾਂ ਨੂੰ ਉਦੋਂ ਤਕ ਮੁੜ-ਮੁੜ ਕੇ ਖਾਂਦੇ ਰਹੋ ਜਦੋਂ ਤਕ ਉਹ ਤੁਹਾਡੇ ਉੱਤੇ ਪ੍ਰਕਾਸ਼ਮਾਨ ਨਾ ਹੋ ਜਾਣ।

ਮਾਰਕ ਸਲੇ

# ਵਿਸ਼ਾ–ਸੁਚੀ


ਆਲੌਕਿਕਤਾ ਅਤੇ ਵਿਸ਼ਵਾਸ 1

ਸੱਚ ਅਤੇ ਪਰਮੇਸ਼ਰ ਨੂੰ ਜਾਨਣਾ 7

ਪਰਮੇਸ਼ਰ ਦੀ ਸੇਵਾ ਕਰਨਾ ਅਤੇ ਪਵਿੱਤਰਤਾ 15

ਚਰਿੱਤਰ ਦੇ ਬਾਰੇ 21

ਪ੍ਰੇਮ 25

ਅਨੰਤਤਾ 27

# ਆਲੌਕਿਕਤਾ ਅਤੇ ਵਿਸ਼ਵਾਸ

ਪਰਮੇਸ਼ਰ ਵਿੱਚ ਸੱਚੇ ਵਿਸ਼ਵਾਸੀ ਦੇ ਕੌਲ ਆਲੌਕਿਕਤਾ ਹੈ।

ਹਰ ਇਕ ਮਨੁੱਖ ਜਿਹਨੇ ਕਦੇ ਵੀ ਪਰਮੇਸ਼ਰ ਨੂੰ ਪ੍ਰਸੰਨ ਕੀਤਾ, ਉਸਦੇ ਕੌਲ ਆਲੌਕਿਕਤਾ ਸੀ।

ਜਦ ਪ੍ਰਾਪਤ ਕਰਨ ਦੀ ਗੱਲ ਆਉਂਦੀ ਹੈ, ਤਦ ਉਸਨੂੰ ਪ੍ਰਾਪਤ ਕਰਨ ਲਈ ਤੁਹਾਡੇ ਕੌਲ ਵਿਸ਼ਵਾਸ ਹੋਣਾ ਚਾਹੀਦਾ ਹੈ।

ਸਹੀ ਕੰਮ ਕਰਨ 'ਚ ਪ੍ਰਭੂ ਉੱਤੇ ਭਰੋਸਾ ਕਰਨਾ ਵੀ ਸ਼ਾਮਲ ਹੈ – ਉਸਨੂੰ ਉਸਦੇ ਵਚਨ ਦੇ ਮੁਤਾਬਕ ਹੀ ਲੈਣਾ।

ਤੁਹਾਡੇ ਭਲੇ ਕੰਮ ਕਾਫ਼ੀ ਨਹੀਂ ਹਨ, ਸਿਰਫ਼ ਵਿਸ਼ਵਾਸ ਕਰਕੇ ਉਸਦੇ ਵਿਸ਼ਰਾਮ ਵਿੱਚ ਦਾਖਲ ਹੋਵੋ।

ਜਦੋਂ ਤੁਸੀਂ ਆਪਣੇ ਸ਼ਰੀਰ ਦੇ ਮੁਤਾਬਕ, ਆਪਣੀ ਦੇਖਣ (ਦ੍ਰਿਸ਼ਟੀ) ਦੇ ਮੁਤਾਬਕ ਚਲਦੇ ਹੋ ਤਦ ਤੁਸੀਂ ਮੁਸੀਬਤ ਵਿੱਚ ਆ ਜਾਂਦੇ ਹੋ।

ਇਕ ਮਸੀਹੀ ਲਈ ਪਵਿੱਤਰ ਆਤਮਾ ਪਾ ਲੈਣਾ ਕਾਫ਼ੀ ਨਹੀਂ, ਪਰ ਪਵਿੱਤਰ ਆਤਮਾ ਦੇ ਵਹਾਉ ਵਿੱਚ ਵੀ ਵਗਣ ਦੀ ਲੋੜ ਹੈ।

ਅਸੀਂ, ਜੋ ਪਰਮੇਸ਼ਰ ਦੇ ਲੋਕ ਹਾਂ, ਸਾਨੂੰ ਸੁਰੱਖਿਆ ਦੀ ਮੰਗ ਕਰਨ ਦਾ ਅਧਿਕਾਰ ਮਿਲਿਆ ਹੋਇਆ ਹੈ।

ਵੱਖਰੀ ਭਾਸ਼ਾ ਵਿੱਚ ਬੋਲਣ ਦੇ ਨਾਲ ਸਾਡੀ ਬੁੱਧੀ ਦਾ ਕੋਈ ਲੈਣਾ-ਦੇਣਾ ਨਹੀਂ ਹੈ।

ਪਰਮੇਸ਼ਰ ਚਾਹੁੰਦਾ ਹੈ ਕਿ ਸਾਡਾ ਆਨੰਦ ਪੂਰਾ ਹੋਵੇ। ਉਹ ਤੁਹਾਡੀ ਪ੍ਰਾਰਥਨਾਵਾਂ ਦਾ ਜਵਾਬ ਦੇਣਾ ਚਾਹੁੰਦਾ ਹੈ।

ਅਦ੍ਰਿਸ਼ ਚੀਜ਼ਾਂ ਉੱਤੇ ਵਿਸ਼ਵਾਸ ਕਰਨ ਲਈ ਵਿਸ਼ਵਾਸ ਦੀ ਲੋੜ ਹੈ।

ਹਰ ਇਕ ਗੱਲ ਜਿਹੜੀ ਤੁਹਾਡੇ ਲਈ ਕੰਮ ਕਰਦੀ ਹੈ ਉਹ ਤੁਹਾਡੇ ਦਿਲ ਤੋਂ ਆਉਦੀਂ ਹੈ।

ਜਦ ਵੀ ਕੋਈ ਆਇਤ ਤੁਹਾਡੇ ਲਈ ਕੰਮ ਕਰਦੀ ਹੈ, ਇਹ ਤਦ ਹੁੰਦਾ ਹੈ ਜਦ ਤੁਸੀਂ ਉਸ ਆਇਤ ਉੱਤੇ ਆਪਣੀ ਆਤਮਾ ਤੋਂ ਵਿਸ਼ਵਾਸ ਕਰਦੇ ਹੋ।

ਪਵਿੱਤਰ ਆਤਮਾ ਦੀ ਸ਼ਕਤੀ ਤੁਹਾਨੂੰ ਜੇਲ੍ਹਘਰ ਤੋਂ ਕੱਡ ਕੇ ਮਹਿਲ ਵਿੱਚ ਲੈ ਜਾਂਦੀ ਹੈ, ਪਰ ਮਹਿਲ ਤੋਂ ਝੌਂਪੜੀ ਤੱਕ ਆਉਣ ਨੂੰ ਵੱਧ ਸਮਾਂ ਨਹੀਂ ਲਗਦਾ, ਚੀਜ਼ਾ ਜਲਦੀ ਬਦਲ ਸਕਦੀਆਂ ਹਨ।

ਤੁਸੀਂ ਆਤਮਾ ਵਿੱਚ ਉਹਨਾਂ ਗੱਲਾਂ ਨੂੰ ਸਮਝ/ਮਹਿਸੂਸ ਕਰ ਸਕਦੇ ਹੋ ਜਿਹਨਾਂ ਨੂੰ ਤੁਸੀਂ ਸ਼ਰੀਰ ਵਿੱਚ ਨਹੀਂ ਵੇਖ ਸਕਦੇ।

ਬਾਈਬਲ ਦੇ (ਵਚਨਾਂ) ਨਾਲ ਫਜ਼ੂਲ ਦੀ ਬਹਿਸ ਨਾ ਕਰੋ, ਸਿਰਫ਼ ਇਸ ਨੂੰ ਸਵੀਕਾਰ ਕਰ ਲਵੋ।

ਜੇ ਹਰ ਚੀਜ਼ ਹਰ ਵੇਲੇ ਵਧੀਆ ਹੀ ਹੋਵੇ ਤਾਂ ਸਾਨੂੰ ਵਿਸ਼ਵਾਸ ਕਰਨ ਦੀ ਲੋੜ ਨਾ ਪੈਂਦੀ।

ਸ਼ੈਤਾਨ ਤੁਹਾਨੂੰ ਤਰਕ-ਵਿਤਰਕ (ਬਹਿਸ) ਵਿੱਚ ਲਿਆਉਣਾ ਪਸੰਦ ਕਰਦਾ ਹੈ, ਪਰ ਵਿਸ਼ਵਾਸ ਅਸੰਭਵ ਉੱਤੇ ਭਰੋਸਾ ਕਰਦਾ ਹੈ।

ਜਦ ਤੁਹਾਡੇ ਮੂੰਹ ਦਾ ਇਕਰਾਰ ਤੁਹਾਡੇ ਦਿਲ ਦੇ ਇਕਰਾਰ ਦੇ ਨਾਲ ਸਹਿਮਤ ਹੁੰਦਾ ਹੈ ਤਦ ਵਿਸ਼ਵਾਸ ਤੁਹਾਡੇ ਲਈ ਕੰਮ ਕਰਦਾ ਹੈ।

ਤੁਹਾਨੂੰ ਉਹ ਹੀ ਮਿਲਦਾ ਹੈ ਜੋ ਤੁਸੀਂ ਕਹਿੰਦੇ ਅਤੇ ਵਿਸ਼ਵਾਸ ਕਰਦੇ ਹੋ, ਉਹ ਨਹੀਂ ਜੋ ਤੁਸੀਂ ਸਿਰਫ਼ ਕਹਿੰਦੇ ਹੋ।

ਆਪਣੀ ਸੋਚ ਦੇ ਮੁਤਾਬਕ ਤੁਰਨਾ ਬੰਦ ਕਰ ਦੇਵੋ ਅਤੇ ਪਰਮੇਸ਼ਰ ਦੇ ਕਹੇ ਮੁਤਾਬਕ ਤੁਰਨਾ ਸ਼ੁਰੂ ਕਰੋ।

ਉਹ ਕਰੋ ਜੋ ਪਵਿੱਤਰ ਆਤਮਾ ਤੁਹਾਡੀ ਆਤਮਾ ਵਿੱਚ ਕਹਿ ਰਿਹਾ ਹੈ, ਉਹ ਨਹੀਂ ਜੋ ਤੁਹਾਡਾ ਸਿਰ(ਦਿਮਾਗ਼) ਤੁਹਾਨੂੰ ਕਹਿ ਰਿਹਾ ਹੈ। ਨਿਸ਼ਚਤ ਕਰ ਲਵੋ ਕਿ ਤੁਸੀਂ ਪਵਿੱਤਰ ਆਤਮਾ ਨੂੰ ਹੀ ਸੁਣਿਆਂ ਹੈ।

ਪ੍ਰਾਰਥਨਾ ਦਾ ਮਕਸਦ ਪ੍ਰਾਪਤ ਕਰਨਾ ਅਤੇ ਜੇਤੂ ਹੋਣਾ ਹੈ, ਸਿਰਫ਼ ਪ੍ਰਾਰਥਨਾ ਕਰਨਾ ਹੀ ਨਹੀਂ।

ਜਦੋਂ ਅਸੀਂ ਯਿਸ਼ੂ ਵਿੱਚ ਹੁੰਦੇ ਹਾਂ ਤਦ ਸ਼ੈਤਾਨ ਸਾਡਾ ਮੁਕਾਬਲਾ ਨਹੀਂ ਕਰ ਸਕਦਾ। ਨਹੀਂ ਤਾਂ, ਅਸੀ ਯਿਸ਼ੂ ਤੋਂ ਬਗੈਰ ਮੁਕਾਬਲਾ ਨਹੀਂ ਕਰ ਸਕਦੇ।

ਪਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਵਿਸ਼ਵਾਸ ਨੂੰ ਜਾਣੀਏ ਅਤੇ ਇਸ ਦਾ ਅਭਿਆਸ ਕਰੀਏ, ਪਰਿਭਾਸ਼ਾ ਦੇ ਰਾਹੀਂ ਨਹੀਂ ਸਗੋਂ ਪ੍ਰਦਰਸ਼ਨ ਦੇ ਰਾਹੀਂ।

ਤੁਹਾਡਾ ਰੁੱਖ਼ (ਰਵੱਈਆ) ਇਹੋ ਜਿਹਾ ਹੋਣਾ ਚਾਹੀਦਾ ਹੈ ਕਿ ਤੁਸੀਂ ਪਰਮੇਸ਼ਰ ਤੋਂ ਜਵਾਬ ਪ੍ਰਾਪਤ ਕਰਨ ਦੀ ਉਮੀਦ ਕਰ ਰਹੇ ਹੋ।

ਬਣਾਉਟੀ (ਦਿਖਾਵੇ) ਦੇ ਕੰਮ ਨਾ ਕਰੋ, ਅਸਲ ਵਿੱਚ ਵਿਸ਼ਵਾਸ ਕਰੋ ਕਿ ਤੁਸੀਂ ਜੋ ਮੰਗ ਕੀਤੀ ਹੈ ਉਹ ਤੁਹਾਨੂੰ ਦੇਵੇਗਾ।

ਆਪਣੇ ਆਪ ਦੀ ਰਾਖੀ ਰੱਖਣੀ – ਵਿਸ਼ਵਾਸ ਦੀ ਥਾਂ ਵਿੱਚ ਬਣੇ ਰਹੋ।

1. ਆਪਣੇ ਮਨ ਵਿੱਚ ਇਹ ਫ਼ੈਸਲਾ ਲੈ ਲਵੋ ਕਿ ਤੁਸੀਂ ਹਾਰ ਨਹੀਂ ਮੰਨੋਗੇ, ਤੁਸੀਂ ਜਿਤੋਗੇਂ, ਅਤੇ ਵਿਸ਼ਵਾਸ ਰੱਖੋ।
2. ਵਚਨ ਨੂੰ ਪੜ੍ਹਨ ਅਤੇ ਉਸਦੀ ਮੌਜੂਦਗੀ ਵਿੱਚ ਵੱਧ ਸਮਾਂ ਬਿਤਾਉ।
3. ਸੰਸਾਰਿਕ ਅਤੇ ਨਕਾਰਾਤਮਕ ਅਸਰ (ਪ੍ਰਭਾਵ) ਤੋਂ ਦੂਰ ਰਹੋ।
4. ਜੇ ਲੋੜ ਹੋਵੇ ਤਾਂ ਉਪਵਾਸ ਕਰੋ, ਪਰ ਆਪਣੀ ਸਮੱਸਿਆ ਵਿੱਚ ਬਣੇ ਨਾ ਰਹੋ।

5. ਤਦ ਤੱਕ ਅੱਟਲ ਰਹੋ ਜਦ ਤੱਕ ਕਿ ਤੁਹਾਨੂੰ ਇਹ ਪ੍ਰਕਾਸ਼ਨ ਨਾ ਮਿਲ ਜਾਵੇ ਕਿ ਤੁਹਾਨੂੰ ਇਹ ਮਿਲ ਗਿਆ ਹੈ। ਤੁਹਾਨੂੰ ਇਹ ਜਾਨਣਾ ਹੋਵੇਗਾ ਕਿ ਇਹ ਤੁਹਾਨੂੰ ਮਿਲ ਗਿਆ ਹੈ।

ਇਸ ਤਰਾਂ ਚੱਲੋ (ਕੰਮ ਕਰੋ) ਜਿਵੇਂ ਕਿ ਤੁਸੀਂ ਪਰਮੇਸ਼ਰ ਦੇ ਵਚਨ ਉੱਤੇ ਵਿਸ਼ਵਾਸ ਕਰਦੇ ਹੋ-ਕਿਉਂਕਿ ਤੁਸੀਂ ਕਰਦੇ ਹੋ।

ਕੁੱਝ ਲੋਕਾਂ ਨੇ ਵੱਖਰੀ ਭਾਸ਼ਾ ਦੇ ਬਾਰੇ ਕਿਹਾ ਕਿ, “ਇਸ ਤਰਾਂ ਲੱਗਦਾ ਹੈ ਕਿ ਬੱਸ ਮੈਂ ਹੀ ਬੋਲਦੇ ਜਾ ਰਿਹਾ ਹਾਂ।” ਮਖੌਲ ਨਾ ਕਰੋ! ਤੁਸੀਂ ਨਹੀਂ ਤਾਂ ਹੋਰ ਕੌਣ ਬੋਲੇਗਾ?

ਪਵਿੱਤਰ ਆਤਮਾ ਵੱਖਰੀ ਭਾਸ਼ਾ ਵਿੱਚ ਨਹੀਂ ਬੋਲਦਾ, ਮਨੁੱਖ ਬੋਲਦਾ ਹੈ।

ਕੁੱਝ ਲੋਕ ਕਹਿੰਦੇ ਹਨ, “ਕਿ ਮੈਨੂੰ ਸਮਝ ਨਹੀਂ ਆਉਂਦਾ ਕਿ ਮੈਂ ਵੱਖਰੀ ਭਾਸ਼ਾ ਵਿੱਚ ਕੀ ਬੋਲ ਰਿਹਾ ਹਾਂ।” ਮਖੌਲ ਨਾ ਕਰੋ! ਜੇਕਰ ਤੁਸੀਂ ਸਮਝ ਜਾਂਦੇ ਤਾਂ ਇਹ ਵੱਖਰੀ ਭਾਸ਼ਾ ਨਾ ਹੁੰਦੀ, ਕਿ ਇਹ ਹੁੰਦੀ?

ਪਵਿੱਤਰ ਆਤਮਾ ਸਿਰਫ਼ ਤੁਹਾਨੂੰ ਬੋਲਣ ਦੇ ਲਈ ਪ੍ਰੇਰਨਾ ਅਤੇ ਵਾਕ ਸ਼ਕਤੀ ਦਿੰਦਾ ਹੈ, ਬੋਲਣ ਦਾ ਕੰਮ ਤੁਹਾਡਾ

ਹੈ। ਲੋੜ ਹੈ ਕਿ ਤੁਸੀਂ ਆਪ ਹੀ ਉਹਨਾਂ ਅੱਖਰਾਂ ਨੂੰ ਸਰੂਪ ਦੇਵੋ ਅਤੇ ਇਹ ਤੁਹਾਡੇ ਲਈ ਅਣਜਾਣ ਹੋਣਗੇ।

# ਸੱਚ ਅਤੇ ਪਰਮੇਸ਼ਰ ਨੂੰ ਜਾਨਣਾ

ਜਿਹੜੀ ਸੱਚਾਈ ਨੂੰ ਤੁਸੀਂ ਆਪਣੀ ਆਤਮਾ ਵਿੱਚ ਜਾਣੋਗੇ, ਉਹੀ ਤੁਹਾਨੂੰ ਆਜ਼ਾਦ ਕਰੇਗੀ, ਨਾ ਕਿ ਸਿਰਫ਼ ਉਹ ਜਿਹੜੀ ਤੁਹਾਨੂੰ ਚੇਤੇ ਹੈ।

ਜੇਕਰ ਪਰਮੇਸ਼ਰ ਤੁਹਾਨੂੰ ਕੁੱਝ ਦਿਖਾਉਂਦਾ ਹੈ ਜਾਂ ਤੁਹਾਡੇ ਉੱਤੇ ਕੁੱਝ ਪ੍ਰਗਟ ਕਰਦਾ ਹੈ ਜਿਸਦੇ ਲਈ ਉਹ ਤੁਹਾਡੇ ਉੱਤੇ ਭਰੋਸਾ ਰੱਖਦਾ ਹੈ, ਜ਼ਰੂਰੀ ਹੈ ਕਿ ਤੁਸੀਂ ਇਸ ਵਿਸ਼ੇ ਵਿੱਚ ਸਚੇਤ ਰਹੋ। ਜੇਕਰ ਤੁਸੀਂ ਇਸ ਵਿੱਚ ਅਸਫ਼ਲ ਹੋ ਗਏ, ਤਾਂ ਤੁਸੀਂ ਆਪਣੀ ਮੁਖਤਿਆਰੀ ਵਿੱਚ ਵੀ ਅਸਫ਼ਲ ਹੋ ਗਏ।

ਤੁਸੀਂ ਜੋ ਕੁੱਝ ਵੀ ਜਾਣਦੇ ਹੋ, ਉਸ ਕਾਰਨ ਵੈਰੀ ਦੀ ਚਾਲਾਂ ਵਿੱਚ ਨਹੀਂ ਫ਼ੱਸਦੇ ਪਰ ਉਸ ਕਾਰਨ ਫ਼ੱਸਦੇ ਹੋ ਜੋ ਤੁਸੀਂ ਨਹੀਂ ਜਾਣਦੇ।

ਤੁਸੀਂ ਜਿੰਨਾ ਜਾਣਦੇ ਹੋ, ਜਾਨਣ ਲਾਇਕ ਸਿਰਫ਼ ਉਨੰਾ ਹੀ ਨਹੀਂ ਹੈ। ਜੀਵਨ ਦਾ ਸਭ ਤੋਂ ਵੱਡਾ ਸੱਚ ਇਹ ਹੈ ਕਿ "ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕਿੰਨਾ ਨਹੀਂ ਜਾਣਦੇ ਹੋ।"

ਤੁਸੀਂ ਤਦ ਤੱਕ ਇਹ ਸੋਚਦੇ ਹੋ ਕਿ ਤੁਸੀਂ ਬਹੁਤ ਕੁੱਝ ਜਾਣਦੇ ਹੋ, ਜਦ ਤੱਕ ਕਿ ਪਰਮੇਸ਼ਰ ਦਾ ਵਚਨ ਤੁਹਾਨੂੰ ਤੁਹਾਡੀ ਅਗਿਆਨਤਾ ਨੂੰ ਨਹੀਂ ਵਿਖਾਉਂਦਾ।

ਜੇਕਰ ਤੁਸੀਂ ਗੁਮਰਾਹ ਹੋ ਜਾਉ ਤਾਂ ਗਲਤੀ ਤੁਹਾਡੀ ਹੈ।

ਇਹ ਸਿੱਖਿਆ ਦੇ ਰਾਹੀਂ ਨਹੀਂ, ਪਰ ਪ੍ਰਕਾਸ਼ਨ ਦੇ ਰਾਹੀਂ ਹੁੰਦਾ ਹੈ।

ਤੁਹਾਨੂੰ ਆਇਤ ਚੇੱਤੇ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ ਪਰ ਦਿਲ ਵਿੱਚ ਇਸਦਾ ਪ੍ਰਕਾਸ਼ਨ ਮਿਲਨ ਨਾਲ ਤੁਹਾਨੂੰ ਇਸਦਾ ਲਾਭ ਹੁੰਦਾ ਹੈ।

ਕੋਮਲ ਦਿਲ ਉਹ ਹੈ ਜੋ ਸੱਚਾਈ ਨੂੰ ਸੌਖੇ ਤਰੀਕੇ ਨਾਲ ਸਮਝ ਲੈਂਦਾ ਹੈ।

ਪਰਮੇਸ਼ਰ ਪੂਰਨ ਰੀਤੀ ਨਾਲ ਭਲਾ ਹੈ ਸ਼ੈਤਾਨ ਸਾਡੀ ਸਮਝ ਤੋਂ ਕੀਤੇ ਜ਼ਿਆਦਾ ਬੇਰਹਿਮ ਹੈ।

ਪਰਮੇਸ਼ਰ, ਭਲਾ ਹੈ–ਸ਼ੈਤਾਨ, ਬੁਰਾ ਹੈ।

ਪਰਮੇਸ਼ਰ ਦੇ ਵੱਲੋਂ ਆਉਣ ਵਾਲੀ ਜੋਤੀ ਵਿਕਾਸਸ਼ੀਲ ਹੁੰਦੀ ਹੈ।

ਤੁਹਾਡੀ ਇੱਛੁਕਤਾ ਨਿਰਧਾਰਤ (ਪਤਾ) ਕਰੇਗੀ ਕਿ ਤੁਸੀਂ ਸੱਚਾਈ ਨੂੰ ਪਛਾਣਦੇ ਹੋ ਜਾਂ ਨਹੀਂ।

ਉਲਝਣ ਵਿੱਚ ਪਏ ਹੋਏ ਮਨੁੱਖ ਨੂੰ ਹੀ ਬਾਈਬਲ ਉਲਝਣ ਵਾਲੀ ਲਗਦੀ ਹੈ।

ਸਿਰਫ਼ ਸਿੱਖਿਆ ਨੂੰ ਪ੍ਰਾਪਤ ਕਰਨਾ ਹੀ ਨਹੀਂ ਪਰ ਸਹੀ ਸਿੱਖਿਆ ਨੂੰ ਪ੍ਰਾਪਤ ਕਰਨਾ ਵੱਧ ਜ਼ਰੂਰੀ ਹੈ।

ਕੋਈ ਵੀ ਬਦਰੂਹਾਂ ਨਵੀਆਂ ਨਹੀਂ ਹਨ, ਉਹ ਬਹੁਗਣਿਤ ਨਹੀਂ ਹੋਇਆਂ ਹਨ। ਅੱਜ ਵੀ ਉਹੀ ਬਦਰੂਹਾਂ ਤੁਹਾਨੂੰ ਤੰਗ ਕਰਦੀਆਂ ਹਨ ਜੋ ਮੂਸਾ ਦੀ ਪੀੜ੍ਹੀ ਦੇ ਲੋਕਾਂ ਨੂੰ, ਦਾਊਦ ਦੀ ਪੀੜ੍ਹੀ ਅਤੇ ਯਿਸੂ ਦੀ ਪੀੜ੍ਹੀ ਦੇ ਲੋਕਾਂ ਨੂੰ ਤੰਗ ਕਰਦੀਆਂ ਸੀ। ਅੱਜ ਤੱਕ ੳਹੁਨਾਂ ਦੀ ਗਿਣਤੀ ਨਾ ਵਧੀ ਹੈ ਅਤੇ ਨਾ ਹੀ ਘਟੀ ਹੈ।

ਸਮਲਿੰਗਤਾ ਗਲਤ ਹੈ: ਇੱਥੋਂ ਤੱਕ ਕਿ ਜਾਨਵਰਾਂ ਨੂੰ ਵੀ ਪਤਾ ਹੈ, ਕਿ ਤੁਹਾਨੂੰ ਕਦੇ ਕਿਸੀ ਕੁੱਤੇ ਨੂੰ ਕਿਸੀ ਕੁੱਤੀ ਦੇ ਨਾਲ ਰਿਸ਼ਤਾ ਬਣਾਉਣ ਲਈ ਸਿੱਖਿਆ ਦੇਣੀ ਪੈਂਦੀ ਹੈ? (ਕਿ ਤੁਹਾਨੂੰ ਉਹਨਾਂ ਨੂੰ ਇਹ ਸਿੱਖਿਆ ਦੇਣ ਲਈ ਕਿਸੇ ਸਕੂਲ ਵਿੱਚ ਭੇਜਣਾ ਪਿਆ?) ਨਹੀਂ, ਇਹ ਕੁਦਰਤੀ ਹੈ,

ਇਹ ਉਹੀ ਹੈ ਜੋ ਸਹੀ ਹੈ। ਪਰਮੇਸ਼ਰ ਨੇ ਇਸ ਨੂੰ ਇਸੇ ਤਰਾਂ ਹੀ ਬਣਾਇਆ ਹੈ।

ਨਵੇਂ ਕਰਾਰ ਨੂੰ ਉਸ ਤਰਾਂ ਪੜੋ ਜਿਹੜੇ ਤਰੀਕੇ ਨਾਲ ਇਹ ਲਿਖਿਆ ਗਿਆ ਹੈ, ਉਸ ਤਰੀਕੇ ਨਾਲ ਨਹੀਂ ਜਿਵੇਂ ਤੁਸੀਂ ਸੋਚਦੇ ਹੋ ਕਿ ਇਸ ਨੂੰ ਇਸ ਤਰੀਕੇ ਨਾਲ ਲਿਖਿਆ ਜਾਣਾ ਚਾਹੀਦਾ ਸੀ।

ਗਲਤ ਹੋਣਾ, ਗਲਤ ਨਹੀਂ ਹੈ - ਗਲਤ ਬਣੇ ਰਹਿਣਾ, ਗਲਤ ਹੈ।

ਤੁਹਾਡੇ ਨਾਲ ਜੋ ਕੁੱਝ ਵੀ ਹੁੰਦਾ ਹੈ ਉਸ ਵਿੱਚ ਤੁਹਾਡੀ ਇੱਛਾ ਸ਼ਾਮਲ ਹੁੰਦੀ ਹੈ।

ਜਿਹੜੇ ਸੱਚ ਨੂੰ ਤੁਸੀਂ ਚਾਨਣ ਵਿੱਚ ਜਾਣਿਆ ਹੈ, ਉਸਨੂੰ ਹਨੇਰੇ ਵਿੱਚ ਕਦੇ ਨਾ ਭੁੱਲੋ।

"ਭੌਤਿਕ" ਖੇਤਰ ਵਿੱਚ ਜੋ ਕੁੱਝ ਵੀ ਰਚਿਆ ਗਿਆ ਹੈ, ਉਹ ਤੁਹਾਨੂੰ "ਆਤਮਿਕ" ਖੇਤਰ ਅਤੇ ਪਰਮੇਸ਼ਰ ਦੇ ਰਾਜ ਵਿੱਚ ਕੁੱਝ ਗੱਲਾਂ (ਕੁੱਝ ਅਸੂਲਾਂ) ਨੂੰ ਸਿਖਾਉਣ ਲਈ ਰੱਖਿਆ ਗਿਆ ਹੈ।

ਸਾਰੀ ਸ੍ਰਿਸ਼ਟੀ ਵਿੱਚ ਸਿਰਫ਼ ਯਿਸ਼ੂ ਹੀ ਸੁਰੱਖਿਆ ਦਾ ਜ਼ਰੀਆ ਹੈ।

ਸ਼ੈਤਾਨ ਤੁਹਾਡੇ ਵਿਸ਼ਵਾਸ ਅਤੇ ਤੁਹਾਡੀ ਚਾਲ ਵਿੱਚ ਕਿਸੇ ਵੀ ਪਖੰਡ ਨੂੰ ਲੱਭਣ ਵਿੱਚ ਬਹੁਤ ਹੀ ਮਾਹਰ ਹੈ। ਜੇਕਰ ਤੁਹਾਡਾ ਘਰ ਰੇਤ ਤੇ ਬਣਿਆ ਹੈ ਤਦ ਅਖ਼ੀਰ ਵਿੱਚ ਉਸਨੂੰ ਪਤਾ ਲੱਗ ਹੀ ਜਾਵੇਗਾ।

ਕਿਸੇ ਵੀ ਆਤਮਿਕ ਸਵਾਲ ਦਾ ਜਵਾਬ ਕਦੇ ਵੀ ਬਾਈਬਲ ਵਿੱਚ ਇਕ ਜਗ੍ਹਾ ‘ਚ ਨਹੀਂ ਮਿਲਦਾ ਹੈ, ਇਹ ਬਾਈਬਲ ਦੇ ਕਈ ਹਿੱਸਿਆਂ ਵਿੱਚ ਗੁੰਦਿਆ ਹੋਇਆ ਮਿਲੇਗਾ।

ਤੁਸੀਂ ਜੋ ਕੁੱਝ ਦਿੰਦੇ ਹੋ ਉਸਦੇ ਰਾਹੀਂ ਜ਼ਿੰਦਾ ਰਹਿੰਦੇ ਹੋ, ਨਾ ਕਿ ਉਸਦੇ ਰਾਹੀਂ ਜੋ ਕੁੱਝ ਤੁਸੀਂ ਲੈ ਸਕਦੇ ਹੋ।

ਕੋਈ ਵੀ ਗਲਤ ਕਦਮ ਚੁੱਕਣ ਤੋਂ ਪਹਿਲਾਂ ਸਚੇਤ ਰਹੋ। ਨਹੀਂ ਤਾਂ ਸ਼ੈਤਾਨ ਤੁਹਾਡੀ ਅੱਖਾਂ ਤੇ ਪਰਦਾ ਪਾ ਦੇਵੇਗਾ, ਜਿਸ ਕਾਰਨ ਤੁਹਾਡੇ ਲਈ ਦੂਜਾ ਗਲਤ ਕਦਮ ਚੁੱਕਣਾ ਵੀ ਸੌਖਾ ਹੋ ਜਾਵੇਗਾ। ਇਸ ਤਰਾਂ ਲੋਕ ਬਗੈਰ ਜਾਣੇ ਅਤੇ ਸਮਝੇ ਹੌਲੀ-ਹੌਲੀ ਚੰਗੇ ਤੋਂ ਮਾੜੇ ਅਤੇ ਮਾੜੇ ਤੋਂ ਬਦਤਰ ਹਾਲ ਵਿੱਚ ਚਲੇ ਜਾਂਦੇ ਹਨ। ਇਹ ਹਨੇਰੇ ਵਿੱਚ ਪਹਿਲਾ ਗਲਤ ਕਦਮ ਚੁੱਕਣ ਦੇ ਕਾਰਨ ਸੀ।

ਇੱਕ ਇਹੋ ਜਿਹੇ ਪਾਸਟਰ ਨੂੰ ਲੱਭੋ ਜੋ ਤੁਹਾਨੂੰ ਸੁਧਾਰਨ ਤੋਂ ਡਰਦਾ ਨਾ ਹੋਵੇ – ਤੁਹਾਨੂੰ ਇਸਦੀ ਲੋੜ ਹੈ।

ਅਨੁਸ਼ਾਸਨ ਅਤੇ ਸੁਧਾਰ ਹਮੇਸ਼ਾ ਅਪੂਰਨ ਲੋਕਾਂ ਦੇ ਦੁਆਰਾ ਲਾਗੂ ਕੀਤਾ ਜਾਂਦਾ ਹੈ। ਮਾਤਾ–ਪਿਤਾ, ਜਦੋਂ ਵੀ ਜ਼ਰੂਰੀ ਹੋਵੇ ਆਪਣੇ ਨਿਆਣਿਆਂ ਨੂੰ ਸੁਧਾਰਨ ਅਤੇ ਅਨੁਸ਼ਾਸਨ ਵਿੱਚ ਲਿਆਉਣ ਲਈ ਨਾ ਡਰਨ। ਪਾਸਟਰ, ਆਪਣੀ ਕਲੀਸਿਯਾ ਨੂੰ ਸੁਧਾਰਨ ਤੋਂ ਨਾ ਡਰੋ, ਉਹ ਵੀ ਤੁਹਾਡੇ ਬੱਚੇ ਹੀ ਹਨ।

ਇਸ ਜੀਵਨ ਵਿੱਚ ਹਰੇਕ ਸਕਾਰਾਤਮਕ ਗੱਲਾਂ ਦੇ ਨਾਲ ਕੁੱਝ ਨਕਾਰਾਤਮਕ ਗੱਲਾਂ ਵੀ ਹੁੰਦਿਆ ਹਨ। ਖੁਸ਼ਹਾਲੀ, ਸਤਿਕਾਰ, ਚੰਗਾਈ ਅਤੇ ਸਨਮਾਨ ਦੇ ਨਾਲ ਕਈ ਖਤਰੇ ਵੀ ਜੁੜੇ ਹੋਏ ਹੁੰਦੇ ਹਨ।

ਦਲੇਰੀ ਸਿਰਫ਼ ਤਦ ਚੰਗੀ ਲਗਦੀ ਹੈ ਜਦ ਤੁਸੀਂ ਸਹੀ ਹੁੰਦੇ ਹੋ।

ਯਿਸ਼ੂ ਨੇ ਆਪਣੇ ਬਾਰੇ ਜੋ ਕਿਹਾ ਕਿ ਉਹ ਕੌਣ ਹੈ, ਉਸ ਦਾਅਵੇ ਦੀ ਜਾਂਚ ਕਰਦੇ ਹੋਏ ਅਸੀਂ ਪਾਉਂਦੇ ਹਾਂ ਕਿ ਉਹ ਆਪਣੇ ਆਪ ਵਿੱਚ ਇਕ ਪ੍ਰਮਾਣ ਹੈ ਕਿ ਜੋ ਯਿਸ਼ੂ ਨੇ ਆਪਣੇ ਬਾਰੇ ਕਿਹਾ ਉਹ ਉਹੀ ਹੈ, ਜਾਂ ਉਹ ਕੋਈ ਪਾਗਲ ਸੀ।

ਉਸ ਨੇ ਦਾਅਵਾ ਕੀਤਾ ਕਿ ਉਹ ਪਰਮੇਸ਼ਰ ਹੈ ਜੋ ਦੇਹ ਧਾਰਣ ਕਰਕੇ ਆਇਆ ਅਤੇ ਉਹ ਹੈ ਵੀ।

ਯਿਸ਼ੂ ਦੇ ਦਾਅਵੇ ਦੀ ਜਾਂਚ ਕਰਦੇ ਹੋਏ, ਇਹ ਵਿਸ਼ਵਾਸ ਕਰਨਾ ਅਸੰਭਵ ਲੱਗਦਾ ਹੈ ਕਿ ਉਹ ਇਕ ਨਬੀ ਜਾਂ ਇੱਕ ਚੰਗਾ ਸਿੱਖਿਅਕ ਸੀ। ਉਸ ਨੇ ਪਰਮੇਸ਼ਰ ਹੋਣ ਦਾ ਦਾਅਵਾ ਕੀਤਾ, ਇਸ ਲਈ ਜੇਕਰ ਉਹ ਪਰਮੇਸ਼ਰ ਨਾ ਹੁੰਦਾ ਤਾਂ ਉਹ ਇੱਕ ਨਬੀ ਜਾਂ ਚੰਗਾ ਸਿੱਖਿਅਕ ਵੀ ਨਹੀਂ ਹੋ ਸਕਦਾ ਸੀ।

ਸਾਵਧਾਨੀ ਦੀ ਕਮੀ ਹੋਣ ਕਾਰਨ ਗਲਤੀ ਹੋ ਸਕਦੀ ਹੈ। ਆਪਣੇ ਫ਼ੈਸਲੇ ਦੇ ਬਾਰੇ ਸਚੇਤ ਨਾ ਹੋਣ ਪਾਸੋਂ ਲੋੜ ਤੋਂ ਵੱਧ ਸਚੇਤ ਹੋਣਾ ਬਿਹਤਰ ਹੈ। ਪਰ ਵਧੀਆ ਇਹ ਹੈ ਕਿ ਨਾ ਤਾਂ ਲੋੜ ਤੋਂ ਵੱਧ ਸਚੇਤ ਹੋਵੋ ਅਤੇ ਨਾ ਹੀ ਲਾਪਰਵਾਹ ਹੋਵੋ, ਪਰ ਸਹੀ ਫ਼ੈਸਲੇ ਲਵੋ।

ਜੇਕਰ ਮੁਕਤੀ ਪ੍ਰਾਪਤ ਕਰਨ ਦੇ ਲਈ ਤਿਆਰ ਹਰੇਕ ਮਨੁੱਖ ਦੇ ਮੱਥੇ ਉੱਤੇ ਨਿਸ਼ਾਨ ਪਾ ਦਿੱਤਾ ਜਾਂਦਾ ਤਾਂ ਇਹ ਜਾਨਣਾ ਸੌਖਾ ਹੋ ਜਾਂਦਾ, ਕਿ ਕਿਸ ਨੂੰ ਖ਼ੁਸ਼ ਖਬਰੀ ਦਸਣੀ ਹੈ। ਪਰ ਇਸ ਤਰਾਂ ਨਹੀਂ ਹੁੰਦਾ, ਇਸ ਲਈ ਜਾਉ ਅਤੇ ਵੇਖੋ ਕਿ ਖ਼ੁਸ਼ ਖਬਰੀ ਲਈ ਕੌਣ ਤਿਆਰ ਹੈ।

ਤੁਸੀਂ ਆਪਣੀ ਪਦਵੀ ਵਿੱਚ ਸਹੀ ਹੋ ਸਕਦੇ ਹੋ, ਪਰ ਆਪਣੇ ਰੁਖ਼ (ਰੱਵਈਏ) ਵਿੱਚ ਗਲਤ ਹੋ ਸਕਦੇ ਹੋ।

ਤੁਸੀਂ ਜਿਹੜੇ ਸਭ ਤੋਂ ਵੱਡੇ ਦੁਸ਼ਮਣ ਦਾ ਸਾਹਮਣਾ ਕਰੋਗੇ ਉਹ ਤੁਹਾਡੀ ਆਪਣੀ ਇੱਛਾ ਹੈ।

ਜਦੋਂ ਤੱਕ ਤੁਹਾਡੀ ਇੱਛਾ ਤੁਹਾਡੀ ਆਪਣੀ ਹੈ, ਤਦ ਤੱਕ ਤੁਹਾਨੂੰ ਪਰਮੇਸ਼ਰ ਦੇ ਨਾਲ ਤੁਰਨ ਵਿੱਚ ਪਰੇਸ਼ਾਨੀ ਹੁੰਦੀ ਰਹੇਗੀ।

ਜੇਕਰ ਤੁਸੀਂ ਪਰਮੇਸ਼ਰ ਦੀ ਇੱਛਾ ਦੇ ਅਧੀਨ ਨਹੀਂ ਹੋ, ਤਾਂ ਤੁਸੀਂ ਅਧੀਨਤਾ ਵਿੱਚ ਨਹੀਂ ਹੋ।

ਸ਼ੈਤਾਨ ਤੁਹਾਨੂੰ ਬਰਬਾਦ ਕਰਨ ਵਿੱਚ ਤੁਲਿਆ ਹੋਇਆ ਹੈ ਉਹ ਆਪਣੇ ਕੰਮਾਂ ਨੂੰ ਤੁਹਾਡੇ ਜੀਵਨ ਵਿੱਚ ਵਧਾਵੇਗਾ ਅਤੇ ਆਪਣੀ ਅਸਲੀਅਤ ਤੁਹਾਡੇ ਉੱਤੇ ਹੋਰ ਵੱਧ ਪ੍ਰਗਟ ਕਰੇਗਾ।

# ਪਰਮੇਸ਼ਰ ਦੀ ਸੇਵਾ ਕਰਨਾ ਅਤੇ ਪਵਿੱਤਰਤਾ

ਜੇਕਰ ਤੁਸੀਂ ਦੁਨਿਆਵੀ ਕੰਮਾਂ ਜਾਂ ਗੱਲ੍ਹਾਂ ਵਿੱਚ ਬਹੁਤ ਜ਼ਿਆਦਾ ਰੁੱਝੇ ਹੋਏ ਹੋ, ਤਾਂ ਤੁਸੀਂ ਖੁਸ਼ਖਬਰੀ ਤੋਂ ਗੁਆਚ ਜਾਵੋਗੇ।

ਪਰਮੇਸ਼ਰ ਖੁਸ਼ਖਬਰੀ ਨੂੰ ਸਾਰੇ ਸੰਸਾਰ ਵਿੱਚ ਆਪ ਨਹੀਂ ਘੱਲਦਾ -- ਉਹ ਇਸਨੂੰ ਸਾਡੇ ਰਾਹੀਂ ਘੱਲਦਾ ਹੈ।

ਜੇਕਰ ਤੁਸੀਂ ਸੰਸਾਰ ਦੀ ਗੱਲ੍ਹਾਂ ਵਿੱਚ ਬਹੁਤ ਜ਼ਿਆਦਾ ਸ਼ਾਮਲ ਹੋ ਜਾਵੋਗੇ ਤਾਂ ਇਹ ਪਵਿੱਤਰ ਆਤਮਾ ਨੂੰ ਤੁਹਾਡੇ ਅੰਦਰ ਤੋਂ ਸੁਕਾ ਦੇਵੇਗਾ।

ਤੁਸੀਂ ਕਿਸ ਦੀ ਨਿਗਾਹ ਵਿੱਚ ਚੰਗੇ ਹੋ -- ਆਪਣੀ ਜਾਂ ਪਰਮੇਸ਼ਰ ਦੀ?

ਆਪਣੇ ਮਨ ਨੂੰ ਓਹੁਨਾਂ ਗੱਲ੍ਹਾਂ ਦੇ ਨਾਲ ਨਾ ਭਰੋ ਜਿਹੜੀਆਂ ਸ਼ੈਤਾਨ ਤੁਹਾਡੇ ਕੋਲ਼ ਲੈਕੇ ਆਉਂਦਾ ਹੈ।

ਆਪਣੇ ਘਰ ਵਿੱਚ ਓਹੁਨਾਂ ਚੀਜ਼ਾਂ ਨੂੰ ਨਾ ਲਿਆਉ ਜਿਹੜੀਆਂ ਸ਼ੈਤਾਨ ਲਈ ਰਾਹ ਖੋਲਦੀਆਂ ਹਨ, ਜਿਵੇਂ ਗਲਤ ਫ਼ਿਲਮਾਂ ਜਾਂ ਸੰਗੀਤ ਆਦਿ।

ਸ਼ੈਤਾਨ ਹੌਲੀ-ਹੌਲੀ ਕੰਮ ਕਰਦਾ ਹੈ "ਨਿੱਕੇ-ਨਿੱਕੇ" ਬਦਲਾਉ ਦੇ ਬਾਰੇ ਸਚੇਤ ਰਹੋ।

ਸ਼ੈਤਾਨ ਰਫ਼ਤਾਰ (ਗਤੀ) ਨੂੰ ਸਮਝਦਾ ਹੈ, ਜੇਕਰ ਤੁਹਾਡੇ ਵਿੱਚ ਚੰਗੀਆਂ ਗੱਲ੍ਹਾਂ ਦੀ ਰਫ਼ਤਾਰ ਹੈ ਤਾਂ ਉਹ ਤੁਹਾਨੂੰ ਰੋਕਣ ਦੀ ਕੋਸ਼ਿਸ਼ ਕਰੇਗਾ, ਜੇਕਰ ਸ਼ੈਤਾਨ ਤੁਹਾਡੇ ਜੀਵਨ ਵਿੱਚ ਮਾੜੀਆਂ ਗੱਲ੍ਹਾਂ ਦੀ ਰਫ਼ਤਾਰ (ਗਤੀ) ਲੈਕੇ ਆਉਦਾਂ ਹੈ ਤਾਂ ਉਹ ਇਸਨੂੰ ਜਾਰੀ ਰੱਖੇਗਾ, ਕਿਉਂਕਿ ਉਹ ਰਫ਼ਤਾਰ (ਗਤੀ) ਦੇ ਮੁੱਲ ਨੂੰ ਜਾਣਦਾ ਹੈ।

ਪਰਮੇਸ਼ਰ ਤੁਹਾਡੀ ਗ਼ਲਤੀਆਂ ਨੂੰ ਕਦੇ ਵੀ ਇਸ ਕਰਕੇ ਮਾਫ਼ ਨਹੀਂ ਕਰਦਾ, ਕਿਉਂਕਿ ਤੁਸੀਂ ਬਾਕੀ ਦੇ ਕੰਮ ਸਹੀ ਕਰਦੇ ਹੋ।

ਗ਼ਲਤ ਕੰਮਾਂ ਦੇ ਦਰਵਾਜ਼ੇ ਨੂੰ ਕੌਣ ਬੰਦ ਕਰੇਗਾ?-- ਤੁਸੀਂ।

ਇਸ ਤਰਾਂ ਨਹੀਂ ਹੋ ਸਕਦਾ ਕਿ ਤੁਹਾਡਾ ਇੱਕ ਪੈਰ ਸੰਸਾਰ ਵਿੱਚ ਅਤੇ ਦੂਜਾ ਪ੍ਰਭੂ ਵਿੱਚ। ਦੋਵੇਂ ਪਾਸੇ ਖਿੱਚਾਵ ਇੰਨਾ ਵੱਧ ਜਾਂਦਾ ਹੈ ਕਿ ਤੁਹਾਨੂੰ ਦੋਨਾਂ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਪਵੇਗਾ।

ਜੇਕਰ ਕੋਈ ਵੀ ਚੀਜ਼ ਤੁਹਾਡੇ ਲਗਾਉ ਜਾਂ ਦਿਲਚਸਪੀ ਨੂੰ ਪਰਮੇਸ਼ਰ ਅਤੇ ਉਸਦੇ ਕੰਮ ਤੋਂ ਵੱਧ ਖਿੱਚਦੀ ਹੈ ਤਾਂ ਉਹ ਤੁਹਾਡੇ ਲਈ ਮੂਰਤੀ ਪੂਜਾ ਬਣ ਜਾਂਦੀ ਹੈ।

ਪਰਮੇਸ਼ਰ ਤੋਂ ਜੋ ਚਾਹੀਦਾ ਹੈ ਉਸਨੂੰ ਪ੍ਰਾਪਤ ਕਰਨ ਲਈ ਮਿਹਨਤ ਕਰਨ ਦੀ ਲੋੜ ਪੈਂਦੀ ਹੈ।

ਕਲੇਸ਼ ਦੇ ਵਿੱਚ ਵੀ ਸ਼ਾਂਤੀ ਅਤੇ ਆਰਾਮ 'ਚ ਬਣੇ ਰਹਿਣਾ ਸਿੱਖੋ।

ਜੇਕਰ ਤੁਸੀਂ ਸ਼ੈਤਾਨ ਤੋਂ ਬਦਲਾ ਲੈਣਾ ਚਾਹੁੰਦੇ ਹੋ ਤਾਂ – ਸਹੀ ਕੰਮ ਕਰੋ – ਸਹੀ ਜ਼ਿੰਦਗੀ ਜੀਵੋ – ਇਸ ਤਰਾਂ ਕਰਨ ਨਾਲ ਤੁਸੀਂ ਸ਼ੈਤਾਨ ਤੋਂ ਬਦਲਾ ਲੈ ਸਕਦੇ ਹੋ।

ਗ਼ਲਤ ਕੰਮ ਕਰਨ ਦੀ ਤੁਹਾਡੀ ਇੱਛਾ, ਤੁਹਾਡੇ ਲਈ ਪਰਮੇਸ਼ਰ ਦੀ ਇੱਛਾ ਤੋਂ ਵੀ ਵੱਧ ਤਾਕਤਵਰ ਹੁੰਦੀ ਹੈ। ਪਾਪ ਤੁਹਾਨੂੰ ਸਖ਼ਤ ਬਣਾ ਦਿੰਦਾ ਹੈ।

ਆਪਣੀ ਮਸੀਹੀਅਤ ਵਿੱਚ ਸੁਰੱਖਿਅਤ ਰਹੋ। ਮਸੀਹੀਅਤ ਪਰਮੇਸ਼ਰ ਦਾ ਰਾਹ ਹੈ।

ਤੁਹਾਡੇ ਕੰਮਾਂ ਨੂੰ ਵੇਖ ਕੇ ਅਸੀਂ ਜਾਣ ਸਕਦੇ ਹਾਂ ਕਿ ਤੁਸੀਂ ਕੀ ਵਿਸ਼ਵਾਸ ਕਰਦੇ ਹੋ।

ਤੁਸੀਂ ਉਸ ਹੱਦ ਤੱਕ ਹੀ ਆਗਿਆਕਾਰੀ ਰਹਿ ਸਕਦੇ ਹੋ ਜਿਸ ਹੱਦ ਤੱਕ ਤੁਸੀਂ ਪਿਤਾ ਨੂੰ ਸੁਣਦੇ ਹੋ। ਬਾਈਬਲ ਦੀ ਕਿਹੜੀ ਆਇਤ ਦੀ ਤੁਸੀਂ ਪਾਲਣਾ ਨਹੀਂ ਕਰਦੇ?

ਤੁਹਾਨੂੰ ਪਵਿੱਤਰ ਆਤਮਾ ਦੇ ਨਾਲ ਭਰਨਾ ਹੀ ਹੋਵੇਗਾ; ਨਹੀਂ ਤਾਂ ਤੁਸੀਂ ਦੂਜੀਆਂ ਚੀਜ਼ਾ ਦੇ ਨਾਲ ਭਰ ਜਾਵੋਗੇ।

ਇਸ ਤਰਾਂ ਨਾ ਹੋਵੇ ਕਿ ਪ੍ਰਭੂ ਦੇ ਆਗਮਨ ਦੇ ਸਮੇਂ ਤੁਸੀਂ ਗਲਤ ਸੰਗਤ ਵਿੱਚ ਫ਼ਸੇ ਹੋਏ ਹੋਵੋ। ਗਲਤ ਸੰਗਤ ਵਿੱਚ ਤਾਂ ਕਦੇ ਵੀ ਨਾ ਫਸੋ।

ਜੇਕਰ ਤੁਸੀਂ ਪ੍ਰਾਰਥਨਾ ਨਹੀਂ ਕਰਦੇ, ਤਾਂ ਤੁਸੀਂ ਇਕ ਬੈਠੀ ਹੋਈ ਬਤਖ਼ ਹੋ (ਅਸਾਨ ਸ਼ਿਕਾਰ), ਜੇਕਰ ਤੁਸੀਂ ਅਰਾਧਨਾ ਨਹੀਂ ਕਰਦੇ, ਤਾਂ ਤੁਸੀਂ ਇਕ ਬੈਠੀ ਹੋਈ ਬਤਖ਼ ਹੋ (ਅਸਾਨ ਸ਼ਿਕਾਰ)।

ਤੁਸੀਂ ਜਿੰਨਾ ਵੱਧ ਆਪਣੇ ਆਪ ਨੂੰ ਪਿਤਾ ਦੇ ਪ੍ਰਤੀ ਅਰਪਿਤ ਕਰਦੇ ਹੋ, ਪਿਤਾ ਦੇ ਪ੍ਰਤੀ ਅਰਪਿਤ ਹੋਣਾ ਤੁਹਾਡੇ ਲਈ ਉਨੰਾ ਹੀ ਸੌਖਾ ਹੋ ਜਾਵੇਗਾ।

ਤੁਸੀਂ ਇਸਨੂੰ ਜਿੰਨਾ ਵੱਧ ਕਰਦੇ ਹੋ, ਤੁਸੀਂ ਇਸਨੂੰ ਉਨੰਾ ਹੀ ਵੱਧ ਕਰਨ ਦੀ ਚਾਹ ਰੱਖੋਗੇ, ਤੁਸੀਂ ਇਸਨੂੰ ਜਿੰਨਾ ਘੱਟ

ਕਰਦੇ ਹੋ, ਤੁਸੀਂ ਇਸਨੂੰ ਉਨੰਾ ਹੀ ਘੱਟ ਕਰਨ ਦੀ ਚਾਹ ਰੱਖੋਗੇ।

ਜਦ ਤੁਸੀਂ ਪਰਮੇਸ਼ਰ ਦੇ ਨਾਲ ਨਹੀਂ ਤੁਰਦੇ ਤਦ ਤੁਸੀਂ ਸ਼ੈਤਾਨ ਦੇ ਨਾਲ ਤੁਰਦੇ ਹੋ।

ਪਰਮੇਸ਼ਰ ਤੇ ਮੇਰਾ ਕੋਈ ਚਹੇਤਾ ਨਹੀਂ ਹੈ; ਜਿਹੜਾ ਵੀ ਮੱਨੁਖ ਸਹੀ ਕੰਮ ਕਰਨਾ ਚਾਹੁੰਦਾ ਹੈ ਅਸੀਂ ਉਹਦੇ ਪੱਖ ਵਿੱਚ ਹਾਂ।

ਕੋਈ ਵੀ ਮਨੁੱਖ ਸਵਰਗ ਜਾਂ ਨਰਕ ਵਿੱਚ ਇੱਕਲਾ ਨਹੀਂ ਜਾਂਦਾ, ਤੁਸੀਂ ਹਮੇਸ਼ਾ ਕਿਸੇ ਨਾ ਕਿਸੇ ਨੂੰ ਆਪਣੇ ਨਾਲ ਲੈ ਕੇ ਆਉਂਦੇ ਹੋ, ਤੁਸੀਂ ਜੋ ਕੁੱਝ ਸੀ ਜਾਂ ਜੋ ਕੁੱਝ ਨਹੀਂ ਸੀ, ਉਸ ਕਾਰਨ ਤੁਸੀਂ ਕਿਸੇ ਨਾ ਕਿਸੇ ਨੂੰ ਪ੍ਰਭਾਵਿਤ ਜ਼ਰੂਰ ਕਰਦੇ ਹੋ।

ਪਰਮੇਸ਼ਰ ਦਾ ਸੇਵਕ ਹੋਣ ਦੇ ਨਾਤੇ ਹਮੇਸ਼ਾ ਇਸ਼ਵਰੀ ਨਤੀਜਿਆਂ ਵਿੱਚ ਦਿਲਚਸਪੀ ਰੱਖੋ, ਨਾ ਸਿਰਫ਼ ਕਲੀਸੀਆਵਾਂ ਦੀ ਵੋਟਾਂ ਜਾਂ ਕਲੀਸੀਆ ਦੀ ਵੱਧਦੀ ਗਿਣਤੀ ਤੇ।

ਤੁਹਾਡਾ ਕੰਮ ਕੁੱਝ ਵੀ ਹੋਵੇ, ਇਸਨੂੰ ਵਫ਼ਾਦਾਰੀ ਦੇ ਨਾਲ ਕਰੋ।

ਅਰਾਧਨਾ ਦਾ ਸਮਾਂ ਵਧਾਉਣ ਦਾ ਕਾਰਨ ਇਹ ਹੈ ਕਿ ਮੈਂ ਨਤੀਜਿਆਂ ਵਿੱਚ ਦਿਲਚਸਪੀ ਲੈਂਦਾ ਹਾਂ, ਵੋਟਾਂ ਵਿੱਚ ਨਹੀਂ।

ਜੇਕਰ ਤੁਸੀਂ ਪੜਨਾ ਜਾਣਦੇ ਹੋ ਤਾਂ ਤੁਸੀਂ ਜਾਣ ਸਕਦੇ ਹੋ ਕਿ ਯਿਸ਼ੂ ਨੇ ਕੀ ਕਿਹਾ, ਪਰ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਉਸਦੇ ਆਖਣ ਦਾ ਮਤਲਬ ਕੀ ਹੈ।

ਤੁਸੀਂ ਇਹ ਜਾਣ ਕੇ ਹੈਰਾਨ ਹੋ ਜਾਵੋਗੇ ਕਿ ਬਹੁਤ ਸਾਰੀਆਂ ਗੱਲ੍ਹਾਂ ਹਨ ਜਿਨਾਂ ਨੂੰ ਅਸੀਂ ਸੁਣਦੇ ਵੀ ਨਹੀਂ। ਤੁਹਾਡੇ ਪਾਸਟਰ ਵੱਲੋਂ ਬਹੁਤ ਸਮਾਂ ਪਹਿਲਾਂ ਦਿੱਤੀ ਹੋਈ ਸਿੱਖਿਆ ਨੂੰ ਵਾਪਸ ਤੋਂ ਸੁਣੋ, ਤੁਸੀਂ ਇਹ ਜਾਣ ਕੇ ਹੈਰਾਨ ਹੋ ਜਾਵੋਗੇ ਕਿ ਤੁਸੀਂ ਬਹੁਤ ਸਾਰੀਆਂ ਗੱਲ੍ਹਾਂ ਸੁਣੀਆਂ ਹੀ ਨਹੀਂ ਸੀ।

# ਚਰਿੱਤਰ ਦੇ ਬਾਰੇ

ਬਹੁਤੇਰੇ ਲੋਕ ਹੰਕਾਰ ਵਿੱਚ ਹੁੰਦੇ ਹੋਏ ਵੀ ਨਹੀਂ ਜਾਣਦੇ ਕਿ ਉਹ ਹੰਕਾਰ ਵਿੱਚ ਹਨ।

ਪਰਮੇਸ਼ਰ ਤੁਹਾਡੇ ਵਿੱਚ, ਤੁਹਾਡੇ ਰਾਹੀਂ, ਤੁਹਾਡੇ ਨਾਲ ਜੋ ਕੁੱਝ ਵੀ ਕਰਦਾ ਹੈ ਉਹ ਇਸ ਕਰਕੇ ਨਹੀਂ ਹੁੰਦਾ ਕਿ ਤੁਸੀਂ ਕੁੱਝ ਹੋ।

ਤੁਸੀਂ ਜਿੰਨਾ ਵੱਧ ਪਰਮੇਸ਼ਰ ਕੌਲ਼ ਇਹ ਸੋਚਕੇ ਆਉਂਗੇ ਕਿ ਤੁਸੀਂ ਕੁੱਝ ਹੋ, ਤਾਂ ਉਹ ਤੁਹਾਨੂੰ ਉਨੰਾ ਹੀ ਘੱਟ ਸੁਣੇਗਾ।

ਤੁਹਾਨੂੰ ਪਰਮੇਸ਼ਰ ਤੋਂ ਕੁੱਝ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਦੀਨ ਕਰਨਾ ਪਵੇਗਾ।

ਆਤਮਵਿਸ਼ਵਾਸ ਅਤੇ ਹੰਕਾਰ ਦੇ ਫ਼ਰਕ ਨੂੰ ਸਮਝੋ – ਤੁਹਾਨੂੰ ਇਸ ਫ਼ਰਕ ਨੂੰ ਸਮਝਣ ਦੇ ਯੋਗ ਹੋਣਾ ਹੋਵੇਗਾ।

ਹੰਕਾਰ ਦੀ ਜਾਂਚ:

1. ਕਿ ਤੁਹਾਨੂੰ ਇੱਕ ਸੇਵਕ ਦੇ ਵਾਂਗ ਦਿਖਣਾ ਚੰਗਾ ਨਹੀਂ ਲੱਗਦਾ?

2. ਕਿ ਤੁਸੀਂ ਨਿੱਤ ਲੋਕਾਂ ਨੂੰ ਹਦਾਇਤ ਦਿੰਦੇ ਰਹਿੰਦੇ ਹੋ?

3. ਕਿ ਤੁਸੀਂ ਦੂਜੇ ਲੋਕਾਂ ਨੂੰ ਮਿਲਣ ਵਾਲੀ ਸਿਫਤ ਨੂੰ ਚੁਰਾ ਲੈਂਦੇ ਹੋ?

4. ਜਦ ਤੁਸੀਂ ਅਸਫ਼ਲ ਹੁੰਦੇ ਹੋ ਤਾਂ ਤੁਸੀਂ ਕਿੱਦਾਂ ਦਾ ਵਰਤਾਉ ਕਰਦੇ ਹੋ?

5. ਕਿ ਤੁਸੀਂ ਲੋੜ ਤੋਂ ਵੱਧ ਮੁਕਾਬਲਾ ਕਰਦੇ ਹੋ?

6. ਜਦ ਤੁਹਾਨੂੰ ਕੋਈ ਮਨੁੱਖ ਕੁੱਝ ਦਿੰਦਾ ਹੈ ਤਾਂ ਕੀ ਤੁਹਾਡੇ ਲਈ ਉਸਨੂੰ ਸਵੀਕਾਰ ਕਰਨਾ ਔਖਾ ਹੋ ਜਾਂਦਾ ਹੈ?

7. ਜਦ ਤੁਹਾਨੂੰ ਕੋਈ ਦੁਬਾਰਾ ਨਹੀਂ ਬੁਲਾਉਂਦਾ ਜਾਂ ਦੁਬਾਰਾ ਫ਼ੋਨ ਨਹੀਂ ਕਰਦਾ ਕਿ ਤੁਸੀਂ ਉਸ ਵੇਲੇ ਪਰੇਸ਼ਾਨ ਹੋ ਜਾਂਦੇ ਹੋ?

8. ਜਦ ਲੋਕ ਤੁਹਾਡੇ ਕਹਿਣ ਦੇ ਮੁਤਾਬਕ ਨਹੀਂ ਤੁਰਦੇ ਤਾਂ ਤੁਸੀਂ ਕਿੱਦਾਂ ਦਾ ਵਰਤਾਉ ਕਰਦੇ ਹੋ?

9. ਕੀ ਤੁਸੀਂ ਜ਼ਬਰਦਸਤੀ ਕਿਸੇ ਪਦਵੀ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹੋ?

10. ਜਦ ਤੁਸੀਂ ਅਸ਼ੀਸ਼ ਪਾਉਂਦੇ ਹੋ ਤਦ ਤੁਸੀਂ ਕਿਸ ਤਰਾਂ ਦਾ ਵਰਤਾਉ ਕਰਦੇ ਹੋ?

ਹੰਕਾਰ ਦੂਜਿਆਂ ਦੀ ਮਹਾਨਤਾ ਨੂੰ ਮਾਨਤਾ (ਪ੍ਰਸ਼ੰਸਾ) ਨਹੀਂ ਦਿੰਦਾ, ਜੇਕਰ ਇੱਦਾਂ ਕਰ ਵੀ ਦੇਵੇ ਤਾਂ ਬੇਦਿਲੀ ਨਾਲ ਕਰਦਾ ਹੈ।

ਇਹ ਪਛਾਨਣਾ ਕਿ ਤੁਸੀਂ ਗਲਤ ਹੋ, ਇਹ ਤੌਬਾ ਕਰਨ ਦਾ ਪਹਿਲਾ ਕਦਮ ਹੈ।

ਤੌਬਾ ਕਰਨ ਦੀ ਪ੍ਰਕਿਰਿਆ ਦਾ ਇਕ ਹਿੱਸਾ ਇਹ ਪਛਾਨਣਾ ਹੈ ਕਿ ਤੁਸੀਂ ਗ਼ਲਤ ਹੋ। ਜੇਕਰ ਤੁਸੀਂ ਬੁਰਾ ਮੰਨਣ ਕਰਕੇ ਇਸਨੂੰ ਲਗਾਤਾਰ ਅਣਦੇਖਾ (ਟਾਲਣਾ) ਕਰਦੇ ਰਹੇ ਤਾਂ ਤੁਸੀਂ ਤੌਬਾ ਨਹੀਂ ਕਰ ਪਾਉਗੇ। ਬੁਰਾ ਲੱਗਣਾ ਤੌਬਾ ਕਰਨ ਦੀ ਪ੍ਰਕਿਰਿਆ ਦਾ ਇਕ ਕੁਦਰਤੀ ਭਾਗ ਹੈ।

ਸੰਸਾਰ ਵਿੱਚ ਸ਼ਕਤੀ ਦੀ ਤਸਵੀਰ ਹੰਕਾਰ ਦੀ ਤਸਵੀਰ ਹੈ।

ਕੁੱਝ ਲੋਕ ਇਸ ਕਰਕੇ ਮਸਹ ਗੁਆ ਦਿੰਦੇ ਹਨ ਕਿਉਂਕਿ ਉਹ ਪੈਸੇ ਉੱਤੇ ਆਪਣਾ ਮਨ ਲਗਾਉਂਦੇ ਹਨ; ਤੇ ਕੁੱਝ ਲੋਕ ਇਸ ਕਰਕੇ ਆਪਣੇ ਜੀਵਨ ਨੂੰ ਗੁਆ ਦਿੰਦੇ ਹਨ ਕਿਉਂਕਿ ਉਹਨਾਂ ਦੇ ਮਨ ਗੁੱਸੇ ਵਾਲੇ ਬਣ ਜਾਂਦੇ ਹਨ।

ਜਿਹੜਾ ਮਨੁੱਖ ਕਿਸੇ ਅਧਿਕਾਰ ਦੇ ਅਧੀਨ ਨਹੀਂ ਰਹਿ ਸਕਦਾ ਉਹ ਅਧਿਕਾਰ ਪ੍ਰਾਪਤ ਕਰਨ ਦੇ ਵੀ ਕਾਬਲ ਨਹੀਂ ਹੈ।

ਇਹ ਗੱਲ ਹੈਰਾਨੀਜਨਕ ਹੈ ਕਿ ਜਦ ਸ਼ੈਤਾਨ ਤੁਹਾਡੇ ਵਿਹੜੇ ਵਿੱਚ ਆਉਂਦਾ ਹੈ ਤਦ ਕਲੀਸਿਯਾ ਦੀ ਮਹੱਤਤਾ ਵੱਧ ਜਾਂਦੀ ਹੈ।

ਚਾਨਣ ਦੇ ਘਰਾਂ (ਵਿਸ਼ਵਾਸੀਆਂ) ਦੇ ਵਿਚਕਾਰ ਕਦੇ ਵੀ ਕੋਈ ਮੁਕਾਬਲਾ ਨਹੀਂ ਹੁੰਦਾ। ਅਸੀ ਸਾਰੇ ਵਿਸ਼ਵਾਸੀ ਇਕ ਹੀ ਟੋਲੀ ਵਿੱਚ ਹਾਂ ਅਤੇ ਇਕ ਹੀ ਮਕਸਦ ਦੇ ਲਈ ਕੰਮ ਕਰ ਰਹੇ ਹਾਂ।

ਲੋਕ ਉਸ ਵੇਲੇ ਕਿਨ੍ਹੇ ਸ਼ਰਮਿੰਦੇ ਹੋਣਗੇ ਜਦ ਉਹਨਾਂ ਨੂੰ ਪਤਾ ਲੱਗੇਗਾ ਕਿ ਪਰਮੇਸ਼ਰ ਨੇ ਉਹਨਾਂ ਨਾਲ ਕਿੰਨਾ ਪਿਆਰ ਕੀਤਾ ਪਰ ਉਹਨਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ।

ਜੇਕਰ ਤੁਸੀਂ ਆਪਣੇ ਵੈਰੀਆਂ ਨਾਲ ਪਿਆਰ ਨਹੀਂ ਕਰਦੇ -- ਤਾਂ ਹੋਰ ਕੌਣ ਕਰੇਗਾ?

ਜੇਕਰ ਤੁਸੀਂ ਕਿਸੇ ਦੇ ਲਈ ਕੋਈ ਭਲਾਈ ਨਹੀਂ ਕਰਦੇ -- ਤਾਂ ਹੋਰ ਕੌਣ ਕਰੇਗਾ?

ਪਰਮੇਸ਼ਰ ਦੇ ਵੱਲੋਂ ਆਸ਼ੀਸ਼ ਪ੍ਰਾਪਤ ਕਰਨ ਲਈ ਜ਼ਰੂਰੀ ਹੈ, ਪ੍ਰੇਮ ਵਿੱਚ ਚਲਣਾ।

ਨਿਸ਼ਚਤ ਕਰ ਲਵੋ ਕਿ ਤੁਹਾਡਾ ਪਿਆਰ ਇਸ ਕਰਕੇ ਠੰਡਾ ਨਾ ਹੋ ਜਾਵੇ ਕਿਉਂਕਿ ਦੂਸਰੇ ਲੋਕ ਬੁਰੇ ਜਾਂ ਦੁਸ਼ਟ ਹਨ।

ਹੋ ਸਕਦਾ ਹੈ ਕਿ ਤੁਸੀਂ ਪਰਮੇਸ਼ਰ ਤੋਂ ਕੁੱਝ ਅਸ਼ੀਸ਼ਾਂ ਪ੍ਰਾਪਤ ਕਰਨ ਵਿੱਚ ਅਸਫ਼ਲ ਹੋ ਜਾਵੋ, ਪਰ ਆਪਣੇ ਵੈਰੀਆਂ ਨੂੰ ਪਿਆਰ ਕਰਨ ਵਿੱਚ ਅਸਫ਼ਲ ਨਾ ਹੋਵੋ, ਨਹੀਂ ਤਾਂ ਤੁਸੀਂ

ਪਰਮੇਸ਼ਰ ਦੇ ਨਾਲ ਅਸਫ਼ਲ ਹੋ ਜਾਵੋਗੇ ਅਤੇ ਗੁਆਚ ਜਾਵੋਗੇ।

"ਕੁਧਰਮ ਦੇ ਵੱਧ ਜਾਣ ਨਾਲ ਬਹੁਤੇਰਿਆਂ ਦਾ ਪਿਆਰ ਠੰਡਾ ਹੋ ਜਾਵੇਗਾ"। ਠਾਣ ਲਉ ਕਿ ਤੁਸੀਂ ਪ੍ਰੇਮ ਵਿੱਚ ਅਸਫ਼ਲ ਨਹੀਂ ਹੋਵੋਗੇ, ਕਿਉਂਕਿ ਜਿਹੜਾ ਅਖ਼ੀਰ ਤੀਕੁਰ ਪਿਆਰ ਵਿੱਚ ਬਣਿਆਂ ਰਹੇਗਾ ਉਹ ਹੀ ਬਚਾਇਆ ਜਾਵੇਗਾ।

ਜੇਕਰ ਇੱਕ ਮਸੀਹੀ ਪ੍ਰੇਮ ਅਤੇ ਮਾਫ਼ ਕਰਨ ਵਿੱਚ ਨਾ ਤੁਰੇ ਤਾਂ ਸ਼ੈਤਾਨ ਉਹਦੇ ਜੀਵਨ ਵਿੱਚ ਆਪਣੀ ਪਕੜ ਹਾਸਲ ਕਰ ਸਕਦਾ ਹੈ। 1 ਕੁਰਿੰਥੁਸ 11:30 ਵਿੱਚ ਅਸੀ ਪੜਦੇ ਹਾਂ, ਇਹੀ ਕਾਰਨ ਹੈ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਕਮਜ਼ੋਰ ਅਤੇ ਬੀਮਾਰ ਹਨ, ਅਤੇ ਬਹੁਤ ਸਾਰੇ ਮਰ ਚੁੱਕੇ ਹਨ – ਉਹ ਪਿਆਰ ਵਿੱਚ ਨਹੀਂ ਚਲਦੇ ਸੀ।

ਵਿਸ਼ਵਾਸ, ਉਮੀਦ ਅਤੇ ਪ੍ਰੇਮ ਇਹੀ ਤਿੰਨ ਚੀਜ਼ਾਂ ਬਚੀਆਂ ਹਨ, ਪਰ ਇਹਨਾਂ ਵਿੱਚੋਂ ਸੱਭ ਤੋਂ ਵੱਡਾ ਪ੍ਰੇਮ ਹੈ।

# ਅਨੰਤਤਾ

ਜੇਕਰ ਤੁਸੀਂ ਆਪਣੀ ਮੌਤ ਤੋਂ ਪਹਿਲਾਂ ਪਰਮੇਸ਼ਰ ਦੇ ਵੱਲੋਂ ਧਰਮੀ ਘੋਸ਼ਿਤ ਨਹੀਂ ਕੀਤੇ ਗਏ ਤਾਂ ਮੌਤ ਤੋਂ ਬਾਦ ਵੀ ਨਹੀਂ ਕੀਤੇ ਜਾਉਂਗੇ।

ਸਦਾ ਦੀ ਜ਼ਿੰਦਗੀ ਸਿਰਫ਼ ਲੰਬਾ ਸਮਾਂ ਹੀ ਨਹੀਂ ਹੈ, ਪਰ ਸਾਡੇ ਅੰਦਰ ਰਹਿਣ ਆਏ ਪਰਮੇਸ਼ਰ ਦੇ ਆਤਮਾ ਦੇ ਵੱਲੋਂ ਲਿਆਈ ਗਈ ਗੁਣਵੱਤਾ ਦੀ ਮੌਜੂਦਗੀ ਹੈ। (ਪਰਮੇਸ਼ਰ ਦਾ ਸੁਭਾਅ ਸਾਡੀ ਆਤਮਾ ਵਿੱਚ ਪਾਇਆ ਗਿਆ ਹੈ)। ਉਹ ਪਰਮੇਸ਼ਰ ਜਿਸਦੀ ਮੋਜੂਦਗੀ ਕਦੇ ਵੀ ਖਤਮ ਨਹੀਂ ਹੋ ਸਕਦੀ ਅਤੇ ਜਿਸਦੀ ਸ਼ਕਤੀ ਕਦੇ ਵੀ ਖਤਮ ਨਹੀਂ ਹੋ ਸਕਦੀ।

ਅਨੰਤਤਾ ਸਦਾਕਾਲ ਦੇ ਲਈ ਹੈ। ਆਪਣੇ ਲਈ ਮੁਕਤੀ (ਉੱਧਾਰ) ਨੂੰ ਸੁਰੱਖਿਅਤ/ਸੁਨਿਸ਼ਚਤ ਕਰ ਲਵੋ। ਸਦਾਕਾਲ ਦਾ ਸਮਾਂ ਨਰਕ ਵਿੱਚ ਬਿਤਾਉਣ ਦੇ ਲਈ ਬਹੁਤ ਜ਼ਿਆਦਾ ਹੈ।